ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
NAAC Accreditation: A+ Grade

**ਵਿਗਿਆਪਨ ਨੰ: 2466 /ਡੀ.ਪੀ.ਆਰ** **ਮਿਤੀ:16.07.2026**

ਪੰਜਾਬੀ ਯੂਨੀਵਰਸਿਟੀ ਦੇ ਸੁਰੱਖਿਆ ਵਿਭਾਗ ਵਿਚ ਵੱਖ-ਵੱਖ ਆਸਾਮੀਆਂ ਤੇ ਨਿਯੁਕਤੀ ਲਈ ਡਿਪਟੀ ਰਜਿਸਟਰਾਰ (ਅਮਲਾ) ਦੇ ਦਫਤਰ ਵਿਚ ਮਿਤੀ.30.07.2026. ਤੱਕ ਪੁਜਣਯੋਗ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ

1. **ਵਾਚ ਐਂਡ ਵਾਰਡ ਅਫਸਰ-01**
   35400 **(Level -6)**
   **ਯੋਗਤਾਵਾਂ:**
   - ਫੋਜ ਤੋਂ ਸੂਬੇਦਾਰ ਮੇਜਰ (ਸਬਸਟੈਂਟਿਵ ਰੈਂਕ) ਹੋਣਾ ਚਾਹੀਦਾ ਹੈ।
   - ਉਮੀਦਵਾਰ ਦੀ ਉਮਰ ਅਰਜ਼ੀਆਂ ਪ੍ਰਾਪਤ ਹੋਣ ਦੀ ਅੰਤਿਮ ਮਿਤੀ ਤੱਕ 55 ਸਾਲ ਤੋਂ ਘੱਟ ਹੋਵੇ।
   - ਆਰਮੀ ਐਜੂਕੇਸ਼ਨ ਵਿੱਚ ਫਸਟ ਕਲਾਸ ਅਤੇ ਅੰਗਰੇਜੀ ਘੱਟੋ ਘੱਟ ਥਰਡ ਕਲਾਸ ਵਿੱਚ ਪਾਸ ਹੋਵੇ।
   - ਉਮੀਦਵਾਰ ਕੋਲ ਲਾਈਟ ਵਹੀਕਲ ਦਾ ਵੈਲਿਡ ਡਰਾਈਵਿੰਗ ਲਾਇੰਸੈਂਸ ਹੋਵੇ।
   - ਉਮੀਦਵਾਰ ਮੈਡੀਕਲੀ ਫਿਟ ਹੋਵੇ।
2. **ਸੁਰੱਖਿਆ ਸੁਪਰਵਾਈਜਰ-07 (ਫੀਮੇਲ ਅ.ਜਾਤੀ- 01, ਜਨਰਲ (ਫੀਮੇਲ)-01, ਜਨਰਲ (ਮੇਲ)-03), ਮੇਲ (ਅ.ਜਾਤੀ)-01, ਐਕਸ ਸਰਵਿਸਮੈਨ (ਫੀਮੇਲ)-01**
   19900 **(Level-2) (ਐਡਹਾਕ ਆਧਾਰ ਤੇ, ਸੱਤਵੇਂ ਪੇ ਕਮਿਸ਼ਨ ਅਨੁਸਾਰ)**
   **ਯੋਗਤਾਵਾਂ:**
   - ਫੋਜ ਤੋਂ ਰਿਟਾਇਰਡ J.C.O. ਹੋਣਾ ਚਾਹੀਦਾ ਹੈ।
   - ਉਮੀਦਵਾਰ ਦੀ ਉਮਰ ਅਰਜ਼ੀਆਂ ਪ੍ਰਾਪਤ ਹੋਣ ਦੀ ਅੰਤਿਮ ਮਿਤੀ ਤੱਕ 55 ਸਾਲ ਤੋਂ ਘੱਟ ਹੋਵੇ।
   - ਆਰਮੀ ਐਜੂਕੇਸ਼ਨ ਵਿੱਚ ਫਸਟ ਕਲਾਸ ਅਤੇ ਅੰਗਰੇਜੀ ਘੱਟੋ ਘੱਟ ਥਰਡ ਕਲਾਸ ਵਿੱਚ ਪਾਸ ਹੋਵੇ।
   - ਉਮੀਦਵਾਰ ਕੋਲ ਲਾਈਟ ਵਹੀਕਲ ਦਾ ਵੈਲਿਡ ਡਰਾਈਵਿੰਗ ਲਾਇੰਸੈਂਸ ਹੋਵੇ।
   - ਉਮੀਦਵਾਰ ਮੈਡੀਕਲੀ ਫਿਟ ਹੋਵੇ।

ਨਿਰਧਾਰਿਤ ਬਿਨੈ-ਪੱਤਰ ਯੂਨੀਵਰਸਿਟੀ ਮੇਨ ਗੇਟ ਤੇ ਸਥਿਤ ਯੂਨੀਵਰਸਿਟੀ **ਪੁੱਛ ਗਿੱਛ ਅਤੇ ਸੂਚਨਾ ਕੇਂਦਰ ਦੇ ਇੰਚਾਰਜ** ਤੋਂ ਗੈਰ-ਅਧਿਆਪਨ ਆਸਾਮੀਆਂ ਲਈ 100/- ਰੁਪਏ ਦੀ ਅਦਾਇਗੀ ਨਾਲ ਦਸਤੀ ਪ੍ਰਾਪਤ ਕੀਤੇ ਜਾ ਸਕਦੇ ਹਨ। ਬਿਨੈ-ਪੱਤਰ ਡਾਕ ਰਾਹੀਂ ਵੀ ਮੰਗਵਾਏ ਜਾ ਸਕਦੇ ਹਨ, ਜਿਸ ਲਈ **ਰਜਿਸਟਰਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਤੇ ਫਾਰਮ ਦੀ ਕੀਮਤ ਦਾ ਡੀਮਾਂਡ ਡਰਾਫ਼ਟ, 25×10 ਸੈਂਟੀਮੀਟਰ ਦਾ ਲਿਫ਼ਾਫ਼ਾ ਜਿਸ ਤੇ 65/- ਰੁ. ਦੀਆਂ ਡਾਕ ਟਿਕਟਾਂ ਲਗੀਆਂ ਹੋਣ ਅਤੇ ਇਸ ਉੱਤੇ ਆਸਾਮੀ ਦਾ ਨਾਮ ਵੀ ਲਿਖਿਆ ਹੋਵੇ, **ਪੁੱਛ-ਗਿੱਛ ਅਤੇ ਸੂਚਨਾ ਕੇਂਦਰ ਦੇ ਇੰਚਾਰਜ** ਨੂੰ ਭੇਜਣਾ ਹੋਵੇਗਾ। ਬਿਨੈ-ਪੱਤਰ ਯੂਨੀਵਰਸਿਟੀ ਦੀ ਵੈਬਸਾਈਟ **punjabiuniversity.ac.in** ਤੋਂ download ਕਰਕੇ ਇਸ ਦੀ ਕੀਮਤ ਵਜੋਂ 100 ਰੁਪਏ ਦਾ ਡੀਮਾਂਡ ਡਰਾਫਟ ਲਗਾ ਕੇ ਭੇਜਿਆ ਜਾ ਸਕਦਾ ਹੈ। ਅਧੂਰੇ ਅਤੇ ਲੇਟ ਪਹੁੰਚਣ ਵਾਲੇ ਬਿਨੈ-ਪੱਤਰ ਰੱਦ ਕਰ ਦਿੱਤੇ ਜਾਣਗੇ।

ਨੋਟ:-

1. ਉਮੀਦਵਾਰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮੈਟ੍ਰਿਕ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਵਿਚ ਪੰਜਾਬੀ ਵਿਸ਼ਾ ਪਾਸ ਹੋਵੇ।
2. ਪੰਜਾਬ ਸਰਕਾਰ ਦੇ ਪੱਤਰ ਮਿਤੀ 15.1.2015 ਵਿੱਚ ਦਰਜ ਹਦਾਇਤਾਂ ਅਤੇ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਵਲੋ ਜਾਰੀ ਪੱਤਰ. ਨੰਬਰ 1/6/2016-4 ਪੀ.ਪੀ.1/834680/1 ਮਿਤੀ ਚੰਡੀਗੜ੍ਹ: 7 ਸਤੰਬਰ 2016 ਅਨੁਸਾਰ ਪਰਖ ਕਾਲ 3 ਸਾਲ ਹੋਵੇਗਾ।
3. ਪੰਜਾਬ ਸਰਕਾਰ ਦੇ ਪੱਤਰ ਨੰਬਰ 7/42/2020-5 ਐਫ.ਪੀ. 1/741-746 ਮਿਤੀ 17.07.2020 ਅਨੁਸਾਰ ਪਰਖਕਾਲ ਦੇ ਸਮੇਂ ਦੌਰਾਨ Initial.pay ਦਿੱਤੀ ਜਾਵੇਗੀ।
4. ਇਹਨਾਂ ਆਸਾਮੀਆਂ ਵਿਚ ਰਿਜ਼ਰਵੇਸ਼ਨ ਯੂਨੀਵਰਸਿਟੀ ਸਿੰਡੀਕੇਟ ਵਲੋਂ ਪ੍ਰਵਾਨ ਕੀਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਹੋਵੇਗੀ। ਸਿਰਫ ਪੰਜਾਬ ਨਿਵਾਸੀ ਹੀ ਰਿਜ਼ਰਵੇਸ਼ਨ ਦੇ ਹਕਦਾਰ ਹੋਣਗੇ।
5. ਇਹ ਜਰੂਰੀ ਨਹੀਂ ਹੈ ਕਿ ਸਾਰੇ ਯੋਗ ਵਿਅਕਤੀਆਂ ਨੂੰ ਇੰਟਰਵਿਊ ਤੇ ਬੁਲਾਇਆ ਜਾਵੇ, ਸਿਰਫ ਮੈਰਿਟ ਵਾਲੇ ਉਮੀਦਵਾਰਾਂ ਨੂੰ ਹੀ ਇੰਟਰਵਿਊ ਤੇ ਬੁਲਾਇਆ ਜਾਵੇਗਾ।
6. ਆਸਾਮੀਆਂ ਭਰਨ ਜਾਂ ਨਾ-ਭਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਰਾਖਵਾਂ ਹੈ ਅਤੇ ਆਸਾਮੀਆਂ ਦੀ ਗਿਣਤੀ ਵਧਾਈ ਜਾ ਸਕਦੀ ਹੈ।
7. ਉਮੀਦਵਾਰ ਨੂੰ ਕੋਈ ਸਫ਼ਰੀ/ਦੈਨਿਕ ਭੱਤਾ ਨਹੀਂ ਦਿੱਤਾ ਜਾਵੇਗਾ। ਨਾ ਹੀ ਫਾਰਮ/ਡੀਮਾਂਡ ਡਰਾਫਟ ਦੀ ਕੀਮਤ ਵਾਪਸ ਕੀਤੀ ਜਾਵੇਗੀ।

8. ਜੋ ਉਮੀਦਵਾਰ ਕਿਸੇ ਸੰਸਥਾ ਦੀ ਸੇਵਾ ਵਿੱਚ ਹਨ, ਉਹ ਆਪਣੀ ਅਰਜ਼ੀ ਯੋਗ ਪ੍ਰਣਾਲੀ ਰਾਹੀਂ ਭੇਜਣ ਅਤੇ ਇਕ ਅਗੇਤੀ ਕਾਪੀ ਲੋੜੀਂਦੇ ਸਰਟੀਫਿਕੇਟਾਂ/ਅੰਕ ਬਿਓਰਾ ਕਾਰਡਾਂ ਅਤੇ ਹੋਰ ਦਸਤਾਵੇਜਾਂ ਸਹਿਤ ਯੂਨੀਵਰਸਿਟੀ ਨੂੰ ਸਿੱਧੇ ਤੌਰ ਤੇ ਭੇਜੀ ਜਾ ਸਕਦੀ ਹੈ।

9. ਬਿਨੈ ਫਾਰਮ ਨਾਲ 9"×4" ਦੇ ਦੋ ਸੈਲਫ ਐਡਰੈਸਡ ਲਿਫਾਫੇ (ਹਰੇਕ ਉਤੇ 65 ਰੁਪਏ ਦੀ ਡਾਕ ਟਿਕਟ ਲੱਗੀ ਹੋਵੇ) ਜਰੂਰ ਭੇਜੇ ਜਾਣ।

ਰਜਿਸਟਰਾਰ